ਵੱਲੋਂ,

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ),ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ.

ਪ੍ਰਿੰਸੀਪਲ/ਡਾਇਰੈਕਟਰ/ਰਜਿਸਟਰਾਰ,
ਸਮੂਹ ਬਹੁਤਕਨੀਕੀ/ਇੰਜੀ: ਕਾਲਜ।

ਮੀਮੋ ਨੰ:1ਤਸਿ/ਪੀਐਮਐਸ/ 699-812
ਮਿਤੀ: 25/3/2011

ਵਿਸ਼ਾ: ਸਾਲ 2010-11 ਅਤੇ 2011-12 ਨਾਲ ਸਬੰਧਤ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਨਾ ਮੋੜਨਯੋਗ ਫੀਸਾਂ ਦੇ ਰੀਇੰਬਰਸਮੈਂਟ ਕੇਸ ਭੇਜਣ ਲਈ ਸਟੇਟਮੈਂਟ ਆਫ ਅਕਾਊਂਟਸ ਦਾ ਸੋਧਿਆ ਪ੍ਰੋਫਾਰਮਾ ਅਤੇ ਐਫੀਡੈਵਿਟ ਦਾ ਨਮੂਨਾ ਭੇਜਣ ਬਾਰੇ:-

ਹਵਾਲਾ: ਇਸ ਦਫਤਰ ਦਾ ਪੱਤਰ ਨੰ:1412-1621 ਮਿਤੀ 13.4.10 ਦੀ ਲਗਾਤਾਰਤਾ ਵਿੱਚ, ਉਪਰੋਕਤ ਵਿਸ਼ੇ ਤੇ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਸਰਕਾਰ ਦੀ ਨੋਟੀਫਿਕੇਸ਼ਨ ਨੰ: 13/127/09-1ਤਸਿ2/2054 ਮਿਤੀ: 13.5.2010 ਅਨੁਸਾਰ ਸਾਲ 2010-11 ਦੇ ਡਿਪਲੋਮਾ ਵਿਦਿਆਰਥੀਆਂ ਦੀ ਟਿਊਸ਼ਨ ਫੀਸ 16500/-ਰੁ: ਤੋਂ ਵਧਾ ਕੇ 18150/-ਰੁ:,ਸਰਕਾਰ ਦੀ ਨੋਟੀਫਿਕੇਸ਼ਨ ਨੰ:13/127/09-1ਟੀਈ2/2050 ਮਿਤੀ: 13.5.10 ਅਨੁਸਾਰ ਸਾਲ 2010-11 ਦੇ ਡਿਗਰੀ ਵਿਦਿਆਰਥੀਆਂ ਦੀ ਟਿਊਸ਼ਨ ਫੀਸ 45000/-ਰੁ: ਤੋਂ ਵਧਾ ਕੇ 49500/-ਰੁ: ਕਰ ਦਿੱਤੀ ਗਈ ਹੈ ਅਤੇ ਇਸੇ ਤਰ੍ਹਾਂ ਸਰਕਾਰ ਦੀ ਨੋਟੀਫਿਕੇਸ਼ਨ ਨੰ:13/127/09-1ਟੀਈ2/759 ਮਿਤੀ: 1.3.11 ਅਨੁਸਾਰ ਸਾਲ 2011-12 ਦੇ ਡਿਪਲੋਮਾ ਵਿਦਿਆਰਥੀਆਂ ਦੀ ਟਿਊਸ਼ਨ ਫੀਸ 18150/-ਰੁ: ਤੋਂ ਵਧਾ ਕੇ 22000/-ਰੁ:, ਸਰਕਾਰ ਦੀ ਨੋਟੀਫਿਕੇਸ਼ਨ ਨੰ:13/127/09-1ਟੀਈ2/767 ਮਿਤੀ: 1.3.11 ਅਨੁਸਾਰ ਸਾਲ 2011-12 ਦੇ ਡਿਗਰੀ ਵਿਦਿਆਰਥੀਆ ਦੀ ਟਿਊਸ਼ਨ ਫੀਸ 49500/-ਰੁ: ਤੋਂ ਵਧਾ ਕੇ 60000/-ਰੁ: ਕਰ ਦਿੱਤੀ ਗਈ ਹੈ। ਇਹਨਾਂ ਦਰਾਂ ਅਨੁਸਾਰ ਸਟੇਟਮੈਂਟ ਆਫ ਅਕਾਊਂਟਸ ਦਾ ਸੋਧਿਆ ਪ੍ਰੋਫਾਰਮਾ ਭੇਜਿਆ ਜਾ ਰਿਹਾ ਹੈ ਅਤੇ ਇਸ ਤੋਂ ਇਲਾਵਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ,ਭਲਾਈ ਵਿਭਾਗ, ਪੰਜਾਬ,ਚੰਡੀਗੜ੍ਹ ਨੇ ਆਪਣੀ ਮੀਮੋ ਨੰ: ਸ-17/4806-09 ਮਿਤੀ 18.3.11 ਰਾਹੀਂ ਦੱਸਿਆ ਹੈ ਕਿ ਹੁਣ ਭਾਰਤ ਸਰਕਾਰ ਨੇ ਮਿਤੀ 1.7.2010 ਤੋਂ ਵਿਸ਼ਾ ਅੰਕਿਤ ਸਕੀਮ ਤਹਿਤ ਆਮਦਨ ਹੱਦ ਅਤੇ ਮੇਨਟੀਨੈਂਸ ਅਲਾਊਂਸ ਦੀਆਂ ਦਰਾਂ ਵਿੱਚ ਵਾਧਾ ਕਰਕੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ 1.00 ਲੱਖ ਰੁ: ਤੋਂ ਵਧਾ ਕੇ 2.00 ਲੱਖ ਰੁ: ਕਰ ਦਿੱਤੀ ਹੈ।ਇਸ ਲਈ ਕਾਲਜ ਦੇ ਪ੍ਰਿੰਸੀਪਲ ਵੱਲੋਂ ਦਿੱਤੇ ਜਾਣ ਵਾਲੇ ਐਫੀਡੈਵਿਟ ਦੇ ਪ੍ਰੋਫਾਰਮੇ ਵਿੱਚ ਸੋਧ ਕਰਕੇ ਸਾਲ 2010-11 ਵਿੱਚ ਦਾਖਲ ਹੋਏ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ ਹੱਦ 2.00 ਲੱਖ ਰੁ: ਕਰਨ ਉਪਰੰਤ ਭੇਜਿਆ ਜਾਂਦਾ ਹੈ।

ਉਪਰੋਕਤ ਅਨੁਸਾਰ ਸਟੇਟਮੈਂਟ ਆਫ ਅਕਾਊਂਟਸ ਦਾ ਸੋਧਿਆ ਪ੍ਰੋਫਾਰਮਾ ਅਤੇ ਐਫੀਡੈਵਿਟ ਦਾ ਨਮੂਨਾ ਭੇਜਦੇ ਹੋਏ ਦੱਸਿਆ ਜਾਂਦਾ ਹੈ ਕਿ ਸਾਲ 2010-11 ਵਿੱਚ ਦਾਖਲ ਹੋਏ ਜਿਹੜੇ ਵਿਦਿਆਰਥੀ ਅਨੁਸੂਚਿਤ

ਜਾਤੀ ਨਾਲ ਸਬੰਧਤ ਹਣ, ਪੰਜਾਬ ਰਾਜ ਦੇ ਵਾਸੀ ਹੋਣ ਅਤੇ ਉਹਨਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2.00 ਲੱਖ ਰੁ: ਤੋਂ ਘੱਟ ਹੋਵੇ, ਤੋਂ ਟਿਊਸ਼ਨ ਫੀਸ ਅਤੇ ਨਾਨ ਰਿਫੰਡੇਬਲ ਕੰਪਲਸਰੀ ਫੀਸਾਂ ਜੋ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਕਵਰ ਹੁੰਦੀਆਂ ਹਨ, ਨਾ ਲਈਆਂ ਜਾਣ ਅਤੇ ਇਹਨਾਂ ਫੀਸਾਂ ਦੀ ਪ੍ਰਤੀ-ਪੂਰਤੀ ਲਈ ਸਾਲ 2010-11 ਨਾਲ ਸਬੰਧਤ ਕਲੇਮ ਇਸ ਦਫਤਰ ਵੱਲੋਂ ਭੇਜੀਆਂ ਹਦਾਇਤਾਂ/ਪ੍ਰੋਫਾਰਮੇ ਵਿੱਚ ਤਿਆਰ ਕਰਕੇ ਲੋੜੀਂਦੇ ਦਸਤਾਵੇਜ਼ਾਂ ਸਹਿਤ ਮਿਤੀ 31.12.11 ਤੱਕ ਹਰ ਹਾਲਤ ਵਿੱਚ ਇਸ ਵਿਭਾਗ ਨੂੰ ਭੇਜੇ ਜਾਣ ਤਾਂ ਜੋ ਅੱਗੋਂ ਇਹ ਕਲੇਮ ਭਲਾਈ ਵਿਭਾਗ ਨੂੰ ਭੇਜ ਕੇ ਸਬੰਧਤ ਕਾਲਜਾਂ ਨੂੰ ਇਸ ਦੀ ਪ੍ਰਤੀ-ਪੂਰਤੀ ਕਰਵਾਈ ਜਾ ਸਕੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਮਿੱਥੀ ਮਿਤੀ ਤੱਕ ਕਲੇਮ ਨਾ ਭੇਜਣ ਕਾਰਨ ਪ੍ਰਤੀ-ਪੂਰਤੀ ਨਾ ਹੋਣ ਦੀ ਸੂਰਤ ਵਿੱਚ ਸਾਰੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।

ਇਹ ਆਮ ਵੇਖਣ ਵਿੱਚ ਆਇਆ ਹੈ ਕਿ ਕੁੱਝ ਕਾਲਜਾਂ ਵੱਲੋਂ ਉਹਨਾਂ ਦੇ ਕਾਲਜ ਨਾਲ ਸਬੰਧਤ ਕਲੇਮ ਸਮੇਂ-ਸਿਰ ਨਹੀਂ ਭੇਜੇ ਜਾਂਦੇ ਹਨ, ਜਿਸ ਕਾਰਨ ਉਪਰੋਕਤ ਜਾਰੀ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਹੋ ਰਹਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਪੱਤਰ ਵਿੱਚ ਦਰਸਾਏ ਤੱਥਾਂ ਦੇ ਆਧਾਰ ਤੇ ਇਕ ਨੋਟਿਸ ਤਿਆਰ ਕਰਕੇ ਸਬੰਧਤ ਵਿਦਿਆਰਥੀਆਂ ਦੀ ਜਾਣਕਾਰੀ ਲਈ ਦਾਖਲਾ ਹੋਣ ਉਪਰੰਤ ਹਰ ਦੋ ਮਹੀਨਿਆਂ ਪਿੱਛੋਂ ਕਾਲਜ ਦੇ ਨੋਟਿਸ ਬੋਰਡ ਤੇ ਲਗਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਫਿਰ ਵੀ ਕੋਈ ਅਨੁਸੂਚਿਤ ਜਾਤੀ ਦਾ ਕੋਈ ਵਿਦਿਆਰਥੀ ਉਪਰੋਕਤ ਸਕੀਮ ਦਾ ਲਾਭ ਲੈਣ ਤੋਂ ਰਹਿ ਜਾਂਦਾ ਹੈ ਜਾਂ ਉਸ ਤੋਂ ਕਾਲਜ ਵੱਲੋਂ ਫੀਸ ਲੈ ਲਈ ਜਾਂਦੀ ਹੈ ਅਤੇ ਉਹ ਵਿਦਿਆਰਥੀ ਸ਼ਿਕਾਇਤ ਲੈ ਕੇ, ਇਸ ਦਫਤਰ ਵਿੱਚ ਆਉਂਦਾ ਹੈ ਤਾਂ ਉਸ ਦੀ ਵੀ ਸਾਰੀ ਜਿੰਮੇਵਾਰੀ ਸਬੰਧਤ ਕਾਲਜ ਦੇ ਪ੍ਰਿੰਸੀਪਲ ਦੀ ਹੋਵੇਗੀ।

ਨੱਥੀ/-ਸਟੇਟਮੈਂਟ ਆਫ ਅਕਾਊਂਟਸ
ਅਤੇ ਐਫੀਡੈਵਿਟ ਦਾ ਸੋਧਿਆ ਪ੍ਰੋਫਾਰਮਾ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,ਚੰਡੀਗੜ੍ਹ।

d- ft,noting-all principal